ਭਾਸ਼ਾ ਰੁਕਾਵਟ ਨਹੀਂ ਹੋਣੀ ਚਾਹੀਦੀ

California Department of Pesticide Regulation

# ਨਵੀਂ ਭਾਸ਼ਾ ਦਾ ਅਕਸੈਸ ਹੱਬ, ਹੁਣ ਉਪਲਬਧ ਹੈ!

## ਭਾਸ਼ਾ ਅਕਸੈਸ ਹੱਬ ਕੀ ਹੈ?

ਕੈਲੀਫੋਰਨੀਆ ਡਿਪਾਰਟਮੈਂਟ ਆਫ ਪੈਸਟੀਸਾਈਡ ਰੈਗੂਲੇਸ਼ਨ (DPR) ਨੇ ਕੈਲੀਫੋਰਨੀਆ ਕਾਊਂਟੀ ਖੇਤੀਬਾੜੀ ਕਮਿਸ਼ਨਰਾਂ (CACs) ਲਈ ਇੱਕ ਨਵਾਂ "ਪਾਇਲਟ ਲੈਂਗੁਏਜ ਐਕਸੈਸ ਹੱਬ" ਵਿਕਸਤ ਕਰਨ ਲਈ ਯੂ ਐਸ ਇਨਵਾਇਰਮੈਂਟਲ ਪ੍ਰੋਟੈਕਸ਼ਨ ਏਜੰਸੀ (EPA) ਤੋਂ ਫੰਡ ਪ੍ਰਾਪਤ ਕੀਤਾ ਹੈ।

## ਇੱਥੇ ਕਿਹੜੀਆਂ ਸੇਵਾਵਾਂ ਉਪਲਬਧ ਹਨ?



ਖੇਤੀਬਾੜੀ ਕਮਿਸ਼ਨਰਾਂ ਅਤੇ ਉਨ੍ਹਾਂ ਦੇ ਅਮਲੇ ਦੀ ਇਹਨਾਂ ਤੱਕ ਪਹੁੰਚ ਹੈ:

- ਕੀਟਨਾਸ਼ਕਾਂ ਦੀ ਵਰਤੋਂ ਲਾਗੂ ਕਰਨ ਦੀਆਂ ਗਤੀਵਿਧੀਆਂ ਲਈ 24/7 ਦੁਭਾਸ਼ੀਆ ਸੇਵਾ ਫੋਨ ਲਾਈਨ।
- ਉਹਨਾਂ ਦੇ ਖੇਤਰੀ ਨਿਰੀਖਣਾਂ ਜਾਂ ਪੜਤਾਲੀਆ ਇੰਟਰਵਿਊਆਂ ਦੌਰਾਨ ਦੁਭਾਸ਼ੀਆ ਸੇਵਾਵਾਂ।
- ਕੀਟਨਾਸ਼ਕਾਂ ਦੀ ਵਰਤੋਂ ਲਾਗੂ ਕਰਨ ਦੇ ਪ੍ਰੋਗਰਾਮ ਨਾਲ ਸੰਬੰਧਿਤ ਅਨੁਵਾਦ ਸੇਵਾਵਾਂ।

ਇੱਥੇ 100 ਤੋਂ ਵੱਧ ਭਾਸ਼ਾਵਾਂ ਉਪਲਬਧ ਹਨ, ਜਿਨ੍ਹਾਂ ਵਿੱਚ ਸ਼ਾਮਲ ਹਨ: ਕੈਂਟੋਨੀਜ਼, ਹਿੰਦੀ, ਹਮੋਂਗ, ਕੇ'ਇਚੇ', ਕੋਰੀਆਈ, ਮੈਂਡਾਰਿਨ, ਮਿਕਸਟੇਕ (ਆਲਟੋ / ਬਾਜੋ), ਪੰਜਾਬੀ, ਸਪੈਨਿਸ਼, ਟਾਗਾਲੋਗ, ਟ੍ਰਿਕੀ ਅਤੇ ਜ਼ੈਪੋਟੈਕ।

## ਮੇਰੇ ਲਈ ਇਸਦਾ ਕੀ ਮਤਲਬ ਹੈ?




ਤੁਸੀਂ ਜਾਂ ਤੁਹਾਡਾ ਭਾਈਚਾਰਾ-ਅਧਾਰਿਤ ਸੰਗਠਨ (CBO) ਪ੍ਰਤੀਨਿਧੀ ਇਹ ਕਰ ਸਕਦੇ ਹੋ:

- ਕੀਟਨਾਸ਼ਕਾਂ ਦੀ ਘਟਨਾ ਦੀ ਰਿਪੋਰਟ ਕਰਨ ਜਾਂ ਕੀਟਨਾਸ਼ਕਾਂ ਦੀ ਵਰਤੋਂ ਬਾਰੇ ਕੋਈ ਸਵਾਲ ਪੁੱਛਣ ਲਈ ਆਪਣੇ ਖੇਤੀਬਾੜੀ ਕਮਿਸ਼ਨਰ ਨਾਲ ਸੰਪਰਕ ਕਰਦੇ ਸਮੇਂ ਕਿਸੇ ਦੁਭਾਸ਼ੀਏ ਦੀ ਬੇਨਤੀ ਕਰੋ।
- ਜੇ ਤੁਸੀਂ CAC ਦਫਤਰ ਜਾਂਦੇ ਹੋ ਜਾਂ ਇੱਥੇ ਫੋਨ ਕਰਦੇ ਹੋ ਤਾਂ ਕਿਸੇ ਦੁਭਾਸ਼ੀਏ ਦੀ ਬੇਨਤੀ ਕਰੋ।
- ਕੀਟਨਾਸ਼ਕ ਵਰਤੋਂ ਲਾਗੂ ਕਰਨ ਦੇ ਪ੍ਰੋਗਰਾਮ ਨਾਲ ਸੰਬੰਧਿਤ ਨਿਰੀਖਣ ਰਿਪੋਰਟਾਂ, ਈਮੇਲਾਂ, ਇਸ਼ਤਿਹਾਰਾਂ, ਜਾਂ ਸੂਚਨਾਵਾਂ ਦੇ ਅਨੁਵਾਦ ਵਾਸਤੇ CAC ਅਮਲੇ ਨੂੰ ਪੁੱਛੋ।

Pesticide Complaint?
1-87PestLine
INFORMATION LINE
1-877-378-5463

## ਸਾਡੇ ਨਾਲ ਸੰਪਰਕ ਕਰੋ!

ਅੱਜ ਹੀ ਆਪਣੀ ਭਾਸ਼ਾ ਵਿੱਚ, ਆਪਣੇ ਕਾਊਂਟੀ ਖੇਤੀਬਾੜੀ ਕਮਿਸ਼ਨਰ ਦਫਤਰ ਵਿਖੇ ਸੰਪਰਕ ਕਰੋ! ਪੈਸਟਲਾਈਨ ਟੈਲੀਫੋਨ: 1-877-378-5463.